knowledgefirst FINANCIAL
FORMERLY USC EDUCATION SAVINGS PLANS INC.

ਕੀ ਇਹ ਤੁਹਾਡੀ ਪੁੱਜਤ ਵਿਚ ਨਹੀਂ?

ਅੱਜਕੱਲ੍ਹ ਦੇ ਗਿਆਨ ਆਰਥਿਕਤਾ ਦੇ ਮਾਹੌਲ ਵਿਚ, ਪੋਸਟ-ਸੈਕੰਡਰੀ ਗਰੈਜੂਏਟਾਂ ਨੂੰ ਘੱਟ ਸਿੱਖਿਆ ਪ੍ਰਾਪਤ ਲੋਕਾਂ ਤੋਂ ਆਪਣੇ ਕੈਰੀਅਰ ਲਈ ਦੁੱਗਣੇ ਮੌਕੇ ਮਿਲਦੇ ਹਨ।

ਭਾਵੇਂ ਇਹ ਕੋਈ ਅਪਰੈਂਟਿਸਸ਼ਿਪ (ਸ਼ਾਗਿਰਦੀ), ਜਾਂ ਕਾਲਜ ਡਿਪਲੋਮਾ ਜਾਂ ਯੂਨੀਵਰਸਿਟੀ ਡਿਗਰੀ ਹੋਵੇ, ਪੋਸਟ-ਸੈਕੰਡਰੀ ਸਿੱਖਿਆ, ਅਰਥਪੂਰਣ, ਵੱਧ ਤਨਖਾਹ ਵਾਲੇ ਰੋਜ਼ਗਾਰ ਦੀ ਸੰਭਾਵਨਾ ਵੱਧ ਕਰ ਦੇਂਦੀ ਹੈ। ਇਹ ਆਪਣੀਆਂ ਯੋਗਤਾਵਾਂ ਵੱਧ ਕਰਨ, ਸਮਾਜਿਕ ਸੰਪਰਕ ਕਾਇਮ ਕਰਨ ਅਤੇ ਖ਼ੁਦਮੁਖਤਾਰੀ ਦੀਆਂ ਵੱਧ ਸੰਭਾਵਨਾਵਾਂ ਉਪਲਬਧ ਕਰਦੀ ਹੈ।

ਨੌਲਿਜ ਫਸਟ ਫਾਇਨੈਂਸ਼ਿਅਲ ਨੇ ਤੁਹਾਡੇ ਪਰਿਵਾਰ ਵਾਂਗ, ਹਜ਼ਾਰਾਂ ਕੈਨੇਡਿਅਨ ਪਰਿਵਾਰਾਂ ਲਈ ਪੋਸਟ-ਸੈਕੰਡਰੀ ਸਿੱਖਿਆ ਲੈਣ ਦੀ ਸੰਭਾਵਨਾ ਵਿਚ ਸਹਾਇਤਾ ਕੀਤੀ ਹੈ। 1965 ਤੋਂ, ਅਸੀਂ $2.3 ਅਰਬ (ਬਿਲੀਅਨ) ਤੋਂ ਵੱਧ ਰਕਮ ਅਦਾ ਕੀਤੀ ਹੈ ਅਤੇ ਅੱਜ ਲਗਭਗ ਅੱਧਾ ਮਿਲੀਅਨ (ਪੰਜ ਲੱਖ) ਸਿੱਖਿਆ ਬੱਚਤ ਯੋਜਨਾਵਾਂ ਦਾ ਪ੍ਰਬੰਧ ਕਰ ਰਹੇ ਹਾਂ।†

ਨੌਲਿਜ ਫਸਟ ਫਾਇਨੈਂਸ਼ਿਅਲ ਤੋਂ ਇਕ RESP ਨਾਲ ਤੁਹਾਡੀ ਬੱਚਤ ਦੀ ਸੁਰੱਖਿਆ ਹੋਏਗੀ ਅਤੇ ਇਹ ਲਗਾਤਾਰ ਵੱਧੇਗੀ। ਤੁਸੀਂ ਉਸ ਆਮਦਨ ਤੇ ਜੋ ਤੁਸੀਂ ਯੋਜਨਾ ਵਿਚ ਕਮਾਉਗੇ ਤੇ ਕੋਈ ਟੈਕਸ ਨਹੀਂ ਦਿਓਗੇ, ਅਤੇ ਜਦੋਂ ਤੁਹਾਡੇ ਬੱਚੇ ਦੇ ਵਿਦਿਆਰਥੀ ਹੋਣ ਵਜੋਂ ਉਹ ਧਨ ਦਿੱਤਾ ਜਾਏਗਾ ਤਾਂ ਜੇ ਟੈਕਸ ਦੇਣਾ ਵੀ ਪਿਆ ਤਾਂ ਉਹ ਬਹੁਤ ਘੱਟ ਹੋਏਗਾ। ਇਸਤੋਂ ਇਲਾਵਾ, ਤੁਹਾਨੂੰ $7,200 ਤਕ ਦੀ ਕੈਨੇਡਾ ਐਜੂਕੇਸ਼ਨ ਸੇਵਿੰਗ ਗਰਾਂਟ (Canada Education Saving Grant) ਵੀ ਮਿਲੇਗੀ।

† 30 ਅਪਰੈਲ, 2011 ਤਕ

ਸਾਡੇ ਬਾਰੇ

ਨੌਲਿਜ ਫਸਟ ਫਾਇਨੈਂਸ਼ਿਅਲ ਇੰਕ., ਨੌਲਿਜ ਫਸਟ ਫ਼ਾਊਂਡੇਸ਼ਨ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ ਅਤੇ ਨੌਲਿਜ ਫਸਟ ਫਾਇਨੈਂਸ਼ਿਅਲ ਵੱਲੋਂ ਪੇਸ਼ ਕੀਤੇ ਜਾ ਰਹੇ ਸਿੱਖਿਆ ਲਈ ਬੱਚਤ ਯੋਜਨਾਵਾਂ ਦੇ ਇਨਵੈਸਟਮੈਂਟ ਫੰਡ ਮੈਨੇਜਰ (Investment Fund Manager), ਪ੍ਰਬੰਧਕ ਅਤੇ ਵਿਤਰਕ (ਡਿਸਟ੍ਰੀਬਿਊਟਰ) ਹਨ। ਨੌਲਿਜ ਫਸਟ ਫਾਇਨੈਂਸ਼ਿਅਲ (Knowledge First Financial), ਨੌਲਿਜ ਫਸਟ ਫਾਇਨੈਂਸ਼ਿਅਲ ਇੰਕ. (Knowledge First Financial Inc.) ਦਾ ਰਜਿਸਟਰਡ ਨਾਂ ਹੈ।

ਇਹ ਜਾਣਨ ਲਈ ਕਿ ਸਿੱਖਿਆ ਲਈ ਬੱਚਤ ਕਰਨ ਦੀ ਕਿੰਨੀ ਗੁੰਜਾਇਸ਼ ਹੈ, ਸਾਨੂੰ 1-800-363-7377 ਤੇ ਕਾਲ ਕਰੋ, contact@kff.ca ਤੇ ਈਮੇਲ ਕਰੋ ਜਾਂ ਹੋਰ ਵੱਧ ਜਾਣਕਾਰੀ ਲਈ knowledgefirstfinancial.ca ਵੇਖੋ।

ਨੌਲਿਜ ਫਸਟ ਫਾਇਨੈਂਸ਼ਿਅਲ ਇੰਕ.
(Knowledge First Financial Inc.)
50 Burnhamthorpe Road West
Suite 1000
Mississauga, Ontario L5B 4A5
ਕੈਨੇਡਾ ਦੇ RESP ਡੀਲਰਸ ਐਸੋਸ਼ਿਏਸ਼ਨ ਦੇ ਬਾਨੀ ਮੈਂਬਰ। www.respdac.com

3196 AP573 08/2011

FSC Mixed Sources
Product group from well-managed forests, controlled sources and recycled wood or fiber
www.fsc.org Cert no. SW-COC-2029
© 1996 Forest Stewardship Council

knowledgefirst FINANCIAL
FORMERLY USC EDUCATION SAVINGS PLANS INC.

ਕੈਨੇਡਾ ਵਿਚ ਸਿੱਖਿਆ ਖ਼ਰਚ ਬਾਰੇ

ਤੁਹਾਡੀ ਗਾਈਡ

ਗਿਆਨ
ਗ੍ਰੰਟੀਆਂ
ਸੰਭਾਵਨਾਵਾਂ

ਕੀ ਆਪਣੇ ਬੱਚੇ ਨੂੰ ਸਿੱਖਿਆ ਦੇਣੀ ਤੁਹਾਡੀ ਪੁੱਜਤ ਵਿਚ ਹੈ?

2012 ਵਿਚ ਜਿਸ ਬੱਚੇ ਦਾ ਜਨਮ ਹੋਇਆ ਹੈ, ਉਸਦੀ ਯੂਨੀਵਰਸਿਟੀ ਦੇ ਪਹਿਲੇ ਸਾਲ ਦੀ ਪੜ੍ਹਾਈ ਤੇ $27,900 ਖ਼ਰਚ ਹੋ ਸਕਦਾ ਹੈ – ਜੋ ਕਿ ਚਾਰ-ਸਾਲ ਦੇ ਪ੍ਰੋਗਰਾਮ ਲਈ $116,000 ਹੋਏਗਾ।

ਪਿਛਲੇ ਦਹਾਕੇ ਦੌਰਾਨ, ਵਿਦਿਆਰਥੀ ਸੈਕੰਡਰੀ ਸਿੱਖਿਆ ਤੋਂ ਬਾਅਦ ਦੀ ਸਿੱਖਿਆ ਦੇ ਖ਼ਰਚ ਦਾ ਵੱਧ ਹੁੰਦਾ ਹਿੱਸਾ ਦੇਂਦੇ ਆ ਰਹੇ ਹਨ, ਜਦ ਕਿ ਸਰਕਾਰਾਂ ਦੇ ਹਿੱਸੇ ਦੀ ਅਦਾਇਗੀ ਦੀ ਅਨੁਪਾਤ ਘੱਟ ਹੈ। ਡਾਲਰਾਂ ਦੀ ਕੀਮਤ ਅਨੁਸਾਰ, ਟਿਊਸ਼ਨ ਫੀਸਾਂ ਦੁਣੀਆਂ ਤੋਂ ਵੱਧ ਹੋ ਗਈਆਂ ਹਨ।

ਵੱਧ ਤੋਂ ਵੱਧ ਵਿਦਿਆਰਥੀ ਕਰਜ਼ਿਆਂ ਤੇ ਨਿਰਭਰ ਕਰ ਰਹੇ ਹਨ ਅਤੇ ਉਨ੍ਹਾਂ ਵਿਚ ਬਹੁਤੇ ਏਨੇ ਵੱਧ ਕਰਜ਼ਿਆਂ ਨਾਲ ਗਰੈਜੂਏਸ਼ਨ ਕਰ ਰਹੇ ਹਨ, ਜਿੰਨੇ ਪਹਿਲਾਂ ਕਦੀ ਨਹੀਂ ਲਏ ਗਏ। ਇਕ ਚੌਥਾਈ ਤੋਂ ਵੱਧ ਗਰੈਜੂਏਟਾਂ ਜਿਨ੍ਹਾਂ ਨੇ ਆਪਣੀ ਸਿੱਖਿਆ ਲਈ ਕਰਜ਼ੇ ਲਏ ਸਨ, ਨੇ $25,000 ਜਾਂ ਇਸਤੋਂ ਵੱਧ ਕਰਜ਼ਾ ਦੇਣਾ ਹੈ।*

ਇਸ ਕਾਰਨ ਉਨ੍ਹਾਂ ਲਈ ਬੱਚਤ ਸ਼ੁਰੂ ਕਰਨਾ ਜਾਂ ਜਿਨ੍ਹਾਂ ਚੀਜ਼ਾਂ ਦੀ ਉਨ੍ਹਾਂ ਨੂੰ ਜ਼ਰੂਰਤ ਹੈ, ਅਤੇ ਜੋ ਉਹ ਜ਼ਿੰਦਗੀ ਤੋਂ ਚਾਹੁੰਦੇ ਹਨ, ਨੂੰ ਖਰੀਦਣਾ ਮੁਸ਼ਕਲ ਹੋ ਜਾਂਦਾ ਹੈ।

* ਵਿਦਿਆਰਥੀਆਂ ਲਈ ਕਰਜ਼ਿਆਂ ਦਾ ਮਾਲੀ ਪ੍ਰਭਾਵ – ਸਟੈਟਿਸਟਿਕਸ ਕੈਨੇਡਾ ਜਨਵਰੀ 2010

ਸਿੱਖਿਆਂ ਦਾ ਅੱਜ ਕਿੰਨਾ ਖ਼ਰਚ ਹੈ ਅਤੇ ਭਵਿੱਖ ਵਿਚ ਇਸਦਾ ਕਿੰਨਾ ਖ਼ਰਚ ਹੋਏਗਾ

2009/10 ਵਿਚ ਯੂਨੀਵਰਸਿਟੀ ਦੇ ਖ਼ਰਚ ਯੂਨੀਵਰਸਿਟੀ ਵਿਚ ਰਿਹਾਇਸ਼ ਰੱਖਣ ਵਾਲੇ ਵਿਦਿਆਰਥੀਆਂ ਦੇ ਰਾਸ਼ਟਰੀ ਔਸਤਨ ਖ਼ਰਚ $15,900 ਅਤੇ ਜੋ ਵਿਦਿਆਰਥੀ ਘਰ ਰਹਿੰਦੇ ਸਨ ਜਾਂ ਜਿਨ੍ਹਾਂ ਨੂੰ ਰਿਹਾਇਸ਼ ਅਤੇ ਭੋਜਨ ਲਈ ਰਕਮ ਅਦਾ ਨਹੀਂ ਕਰਨੀ ਪੈਂਦੀ ਸੀ ਦਾ ਰਾਸ਼ਟਰੀ ਔਸਤਨ ਖ਼ਰਚ $9,100 ਸੀ।

ਟੇਬਲ (ਸਾਰਣੀ) 1 ਵਿਚ 2009/10 ਦੇ ਸਕੂਲ ਸਾਲ ਲਈ ਪ੍ਰੋਵਿੰਸ (ਸੂਬੇ) ਵੱਲੋਂ ਖ਼ਰਚ ਕੀਤੀ ਔਸਤ ਰਕਮ ਵਿਖਾਈ ਗਈ ਹੈ। ਟੇਬਲ (ਸਾਰਣੀ) 2 ਵਿਚ ਵਿਖਾਇਆ ਗਿਆ ਹੈ ਕਿ ਭਵਿੱਖ ਵਿਚ ਔਸਤ ਖ਼ਰਚ ਕਿੰਨਾ ਹੋ ਸਕਦਾ ਹੈ।

ਪੋਸਟ-ਸੈਕੰਡਰੀ ਸਿੱਖਿਆ ਨਾਲ ਜੁੜੇ ਖ਼ਰਚਿਆਂ ਬਾਰੇ ਸਪਸ਼ਟ ਜਾਣਕਾਰੀ ਹੋਣ ਨਾਲ ਤੁਹਾਨੂੰ ਇਹ ਨਿਸ਼ਚਤ ਕਰਨ ਵਿਚ ਸਹਾਇਤਾ ਮਿਲੇਗੀ ਕਿ ਤੁਹਾਨੂੰ ਕਿੰਨੀ ਬੱਚਤ ਕਰਨ ਦੀ ਜ਼ਰੂਰਤ ਹੈ।

ਸਿੱਖਿਆ ਦੇ ਖ਼ਰਚ ਨਾਲੋਂ ਉਸਤੋਂ ਕਮਾਈ ਜ਼ਿਆਦਾ ਹੈ

ਜਿਵੇਂ ਕਿ ਇਕ ਬੱਚੇ ਨੂੰ ਪਾਲਣਾ ਜ਼ਿੰਦਗੀ ਭਰ ਦੀ ਵਚਨਬੱਧਤਾ ਹੈ, ਇਸੇ ਤਰ੍ਹਾਂ, ਪੋਸਟ-ਸੈਕੰਡਰੀ ਸਿੱਖਿਆ ਲਈ ਬੱਚਤ ਕਰਨ ਲਈ ਕਈ ਸਾਲ ਸਮਰਪਿਤ ਹੋਣ ਦੀ ਜ਼ਰੂਰਤ ਹੈ।

ਨੌਲਿਜ ਫਸਟ ਫਾਇਨੈਂਸ਼ਿਅਲ ਵਿਖੇ ਅਸੀਂ ਤੁਹਾਨੂੰ ਸਮਝਾਵਾਂਗੇ ਕਿ ਜਲਦੀ ਅਤੇ ਬਾਕਾਇਦਾ ਨੇਮ ਨਾਲ ਬੱਚਤ ਸ਼ੁਰੂ ਕਰਕੇ ਤੁਹਾਡਾ ਧਨ ਮਿਸ਼ਰਤ ਵਿਆਜ ਰਾਹੀਂ ਕਿਸ ਤਰ੍ਹਾਂ ਵਧੇਗਾ। ਅਸੀਂ ਤੁਹਾਨੂੰ ਦੱਸਾਂਗੇ ਕਿ ਤੁਸੀਂ ਸਰਕਾਰੀ ਗਰਾਂਟਾਂ ਤੋਂ ਕੀ ਲੈ ਸਕਦੇ ਹੋ ਅਤੇ ਸਾਡੀ ਕਿਹੜੀ ਯੋਜਨਾ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਸਹੀ ਹੋਏਗੀ।

ਅਖ਼ੀਰ ਵਿਚ ਤੁਹਾਡੇ ਸਬਰ ਨੂੰ ਤੁਹਾਡੇ ਬੱਚੇ ਦੇ ਕੈਰੀਅਰ ਲਈ ਮੌਕਿਆਂ ਦੇ ਧਨ ਦਾ ਇਨਾਮ ਮਿਲੇਗਾ।

ਸੂਬਿਆਂ ਵੱਲੋਂ ਔਸਤਨ ਯੂਨੀਵਰਿਸਿਟੀ ਖ਼ਰਚ *(ਟੇਬਲ 1)*

ਸੂਬਾ	ਟਿਊਸ਼ਨ	ਜ਼ਰੂਰੀ ਫੀਸ	ਆਵਾਸ ਅਤੇ ਖਾਣਾ	ਕਿਤਾਬਾਂ ਅਤੇ ਹੋਰ ਸਾਮਾਨ	ਨਿੱਜੀ ਖ਼ਰਚੇ	ਅੰਦਾਜ਼ਨ ਕੀਮਤ
ਨਿਊਫ਼ਾਊਂਡਲੈਂਡ ਅਤੇ ਲੈਬਰਾਡੋਰ	$2,600	$500	$6,000	$1,000	$2,500	$12,600
ਪ੍ਰਿੰਸ ਐਡਵਰਡ ਆਇਲੈਂਡ	$4,700	$800	$8,200	$1,000	$2,500	$17,200
ਨੋਵਾ ਸਕੋਟਿਆ	$5,700	$700	$7,900	$1,000	$2,500	$17,800
ਨਿਊ ਬਰੱਨਸਵਿਕ	$5,500	$400	$7,300	$1,000	$2,500	$16,700
ਕਿਊਬਕ	$2,300	$600	$4,800	$1,000	$2,500	$11,200
ਓਨਟਾਰੀਓ	$6,000	$800	$7,900	$1,000	$2,500	$18,200
ਮੈਨੀਟੋਬਾ	$3,400	$600	$7,200	$1,000	$1,000	$14,700
ਸੈਸਕਾਚਵਾਨ	$5,200	$600	$7,300	$1,000	$2,500	$16,600
ਐਲਬਰਟਾ	$5,500	$700	$6,700	$1,000	$2,500	$16,400
ਬ੍ਰਿਟਿਸ਼ ਕੋਲੰਬਿਆ	$4,800	$600	$6,700	$1,000	$2,500	$15,600
ਕੈਨੇਡਾ	$4,900	$700	$6,800	$1,000	$2,500	$15,900

ਯੂਨੀਵਰਸਿਟੀ ਸਿੱਖਿਆ ਦਾ ਅਨੁਮਾਨਿਤ ਔਸਤਨ ਖ਼ਰਚ *(ਟੇਬਲ 2)*

ਪੜ੍ਹਾਈ ਦੇ ਦਾਖਲੇ ਦਾ ਸਾਲ	ਰਿਹਾਇਸ਼ ਨਾਲ		ਰਹਿਾਇਸ਼ ਬਨਿਾਂ*	
	ਪਹਿਲਾ ਸਾਲ	4-ਸਾਲਾਂ ਪ੍ਰੋਗਰਾਮ	ਪਹਿਲਾ ਸਾਲ	4-ਸਾਲਾਂ ਪ੍ਰਗੋਰਾਮ
2011	$16,700	$69,900	$9,600	$40,700
2012	$17,300	$71,800	$10,100	$42,000
2013	$17,700	$73,600	$10,300	$43,200
2014	$18,200	$75,500	$10,700	$44,500
2015	$18,600	$77,500	$10,900	$45,900
2016	$19,100	$79,600	$11,300	$47,400
2017	$19,600	$81,800	$11,600	$48,900
2018	$20,200	$84,100	$12,100	$50,600
2019	$20,700	$86,300	$12,400	$52,100
2020	$21,300	$88,600	$12,800	$53,700
2021	$21,900	$91,000	$13,300	$55,400
2022	$22,400	$93,500	$13,600	$57,100
2023	$23,000	$96,000	$14,000	$58,900
2024	$23,700	$98,600	$14,500	$60,800
2025	$24,400	$101,200	$15,000	$62,700
2026	$24,900	$103,900	$15,400	$64,700
2027	$25,600	$106,900	$15,900	$66,900
2028	$26,300	$109,900	$16,400	$69,100
2029	$27,100	$113,000	$17,000	$71,400
2030	$27,900	$116,200	$17,600	$73,700

ਚਾਰਟ ਫੁੱਟਨੋਟਸ:

1. ਸਟੈਟਿਸਟਿਕਸ ਕੈਨੇਡਾ (Statistics Canada) ਤੋਂ ਮਿਲੇ ਅੰਕੜਿਆਂ ਅਨੁਸਾਰ, ਪੂਰੇ ਸਮੇਂ ਲਈ ਵਿਦਿਆਰਥੀਆਂ ਨੂੰ ਕੈਨੇਡਿਅਨ ਡਿਗਰੀ ਦੇਣ ਵਾਲੀਆਂ ਸੰਸਥਾਵਾਂ ਦੇ ਸਰਵੇਖਣ (Canadian Degree-Granting Institutions Survey) 2009-2010 ਅਨੁਸਾਰ ਟਿਊਸ਼ਨ ਅਤੇ ਰਿਹਾਇਸ਼ ਦਾ ਖ਼ਰਚ।
2. ਸਭ ਫੀਸਾਂ ਅਤੇ ਖ਼ਰਚਿਆਂ ਤੋਂ ਪੂਰੇ ਸਮੇਂ ਦੇ (30 ਕਰੈਡਿਟਸ) ਡੋਮੈਸਟਿਕ (ਦੇਸ਼ੀ) ਵਿਦਿਆਰਥੀਆਂ ਲਈ ਦੋ ਸੀਮੈਸਟਰਾਂ (8 ਮਹੀਨਿਆਂ ਦਾ) ਦੇ ਇਕ ਬਾਕਾਇਦਾ ਅਕਾਦਮਿਕ ਸਾਲ ਦੀ ਪੜ੍ਹਾਈ ਦਾ ਪਤਾ ਲਗਦਾ ਹੈ। ਸਟੈਟਿਸਟਿਕਸ ਕੈਨੇਡਾ ਨੇ ਅੰਕੜੇ ਘੋਸ਼ਿਤ ਕਰਨ ਸਮੇਂ ਔਸਤਨ ਗਣਨਾ ਕਰਕੇ ਸਭ ਤੋਂ ਤਾਜ਼ਾ ਕੈਨੇਡਿਅਨ ਡਿਗਰੀ ਦੇਣ ਵਾਲੀਆਂ ਸੰਸਥਾਵਾਂ ਦੇ ਦਾਖਲੇ ਦੇ ਅੰਕੜਿਆਂ ਦੇ ਹਿਸਾਬ ਨਾਲ ਪੇਸ਼ ਕੀਤੇ ਹਨ।
3. ਔਸਤਨ ਗਣਨਾ ਵਿਚ ਸਰਕਾਰੀ ਅਤੇ ਪ੍ਰਾਈਵੇਟ (ਨਿੱਜੀ) ਸੰਸਥਾਵਾਂ ਸ਼ਾਮਲ ਹਨ।
4. ਜ਼ਰੂਰੀ ਫੀਸ ਵਿਚ, ਅਥਲੈਟਿਕਸ, ਸਿਹਤ ਸੇਵਾਵਾਂ, ਵਿਦਿਆਰਥੀ ਐਸੋਸ਼ਿਏਸ਼ਨ ਫੀਸਾਂ ਅਤੇ ਹੋਰ ਕਈ ਕੁਝ ਸ਼ਾਮਲ ਹਨ।
5. ਟੋਰਾਂਟੋ ਸਟਾਰ (Toronto Star), "ਟੈਕਸਟਬੁਕ ਪਾਇਰੈਸੀ ਥਰਾਈਵਿੰਗ ਅਰਾਉਂਡ ਸਿਟੀਜ਼ ਕੈਂਪਸਿਸ" ("Textbook piracy thriving around city's campuses"), 10 ਜਨਵਰੀ, 2009
6. ਇਸ ਵਿਚ ਲਾਂਡਰੀ, ਮਨਪ੍ਰਚਾਵਾ, ਨਿੱਜੀ ਸਾਜ਼ੋ ਸ਼ਿੰਗਾਰ, ਆਵਾਜਾਈ ਦੇ ਖ਼ਰਚੇ ਸ਼ਾਮਲ ਹਨ।
7. ਸੂਬਾਈ ਔਸਤ ਵਿਚ ਵਿਖਾਏ ਗਏ ਵਿਚ ਨਿਊਫ਼ਾਊਂਡਲੈਂਡ ਅਤੇ PEI ਦੋਹਾਂ ਕੋਲ ਸਿਰਫ਼ ਇਕ ਯੂਨੀਵਰਸਿਟੀ ਹੈ।
8. ਕਿਊਬਕ (Quebec) ਅਤੇ ਨੋਵਾ ਸਕੋਟਿਆ (Nova Scotia) ਦੇ ਗਣਨਾ ਵਿਚ ਸੂਬੇ ਦੇ ਅਤੇ ਸੂਬੇ ਤੋਂ ਬਾਹਰਲੇ ਵਿਦਿਆਰਥੀ ਵੀ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਸੂਬਿਆਂ ਦੇ ਵਸਨੀਕ ਘੱਟ ਟਿਊਸ਼ਨ ਫੀਸ ਦਿੰਦੇ ਹਨ।

* "ਬਿਨਾਂ ਰਿਹਾਇਸ਼ ਦੇ" ਵਿਦਿਆਰਥੀਆਂ ਦੇ ਜੋ ਪੜ੍ਹਾਈ ਕਰਦਿਆਂ ਘਰਾਂ ਵਿਚ ਰਹਿੰਦੇ ਹਨ ਅਤੇ ਜਿਨ੍ਹਾਂ ਨੂੰ ਭੋਜਨ ਜਾਂ ਰਿਹਾਇਸ਼ ਲਈ ਕੋਈ ਖ਼ਰਚ ਨਹੀਂ ਕਰਨਾ ਪੈਂਦਾ, ਦੇ ਖ਼ਰਚਿਆਂ ਦੇ ਹਿਸਾਬ ਦਾ ਲੇਖਾ-ਜੋਖਾ ਕੀਤਾ ਗਿਆ ਹੈ।

ਸੈਕੰਡਰੀ ਸਿੱਖਿਆ ਤੋਂ ਬਾਅਦ (ਪੋਸਟ-ਸੈਕੰਡਰੀ) ਦੀ ਸਿੱਖਿਆ ਬਾਰੇ ਕੁਝ ਤੱਥ

- ਯੂਨੀਵਰਸਿਟੀਆਂ ਅਤੇ ਕਾਲਜ ਜ਼ਿਆਦਾ ਤੋਂ ਜ਼ਿਆਦਾ ਟਿਊਸ਼ਨ ਫੀਸਾਂ ਤੇ ਨਿਰਭਰ ਕਰ ਰਹੇ ਹਨ। 1989 ਅਤੇ 2009 ਦਰਮਿਆਨ, ਸਰਕਾਰਾਂ ਦੀ ਕੁੱਲ ਆਮਦਨ ਵਿਚ ਫੀਸਾਂ 10% ਤੋਂ 21% ਜ਼ਿਆਦਾ ਹੋ ਗਈਆਂ, ਜਦ ਕਿ ਸਰਕਾਰ ਵੱਲੋਂ ਦਿੱਤੇ ਜਾਂਦੇ ਫੰਡ 72% ਤੋਂ 55% ਹੋ ਗਏ।
- 1995 ਅਤੇ 2005 ਦਰਮਿਆਨ, ਜਿਨ੍ਹਾਂ ਗਰੈਜੂਏਟਾਂ ਨੇ ਪੋਸਟ-ਸੈਕੰਡਰੀ ਸਿੱਖਿਆ (PSE) ਲਈ ਕਰਜ਼ੇ ਲਏ ਉਨ੍ਹਾਂ ਦਾ ਅਨੁਪਾਤ 49% ਤੋਂ ਵੱਧ ਕੇ 57% ਹੋ ਗਿਆ।
- 2009 ਵਿਚ, ਕੈਨੇਡਿਅਨ ਯੂਨੀਵਰਸਿਟੀ ਗਰੈਜੂਏਟਾਂ ਦਾ ਔਸਤਨ ਕਰਜ਼ $26,680 ਸੀ।
- 40% ਮਾਤਾ ਪਿਤਾ ਆਸ ਕਰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਲਈ ਵਜ਼ੀਫਾ ਮਿਲਣਗੇ। ਸਿਰਫ਼ 15% PSE ਵਿਦਿਆਰਥੀਆਂ ਨੂੰ ਅਜਿਹੇ ਫੰਡ ਦੀ ਸਹਾਇਤਾ ਅਸਲ ਵਿਚ ਮਿਲਦੀ ਹੈ।
- ਜਿਹੜੇ PSE ਵਿਦਿਆਰਥੀ ਆਪਣੇ ਖ਼ਰਚਿਆਂ ਲਈ ਬੈਂਕਾਂ, ਕਰੈਡਿਟ ਕਾਰਡਾਂ ਜਾਂ ਹੋਰ ਕਰਜ਼ਿਆਂ ਤੇ ਨਿਰਭਰ ਕਰਦੇ ਹਨ, ਉਨ੍ਹਾਂ ਦਾ ਅਨੁਪਾਤ ਮਾਪਿਆਂ ਦੀਆਂ ਉਮੀਦਾਂ ਤੋਂ 2.5 ਗੁਣਾ ਵੱਧ ਹੈ।
- ਜਿਨ੍ਹਾਂ ਨੌਕਰੀਆਂ ਵਿਚ PSE ਗਰੈਜੂਏਟਾਂ ਦੀ ਜ਼ਰੂਰਤ ਹੁੰਦੀ ਹੈ, ਉਨ੍ਹਾਂ ਦੀ ਗਿਣਤੀ 1990 ਅਤੇ 2007 ਵਿਚਕਾਰ ਲਗਭਗ ਦੁੱਗਣੀ ਹੋ ਗਈ ਹੈ। ਇਸ ਤੋਂ ਕੇਵਲ ਅੱਧੀਆਂ ਨੌਕਰੀਆਂ ਉਨ੍ਹਾਂ ਨੂੰ ਉਪਲਬਧ ਹੋਈਆਂ ਸਨ ਜਿਨ੍ਹਾਂ ਨੇ ਹਾਈ ਸਕੂਲ ਦੀ ਪੜ੍ਹਾਈ ਪੂਰੀ ਨਹੀਂ ਸੀ ਕੀਤੀ ਹੋਈ।
- ਜਿਨ੍ਹਾਂ ਵਿਦਿਆਰਥੀਆਂ ਨੇ ਯੂਨੀਵਰਸਿਟੀ ਡਿਗਰੀ ਹਾਸਲ ਕੀਤੀ ਹੋਈ ਹੈ, ਉਨ੍ਹਾਂ ਦੇ ਮੁਕਾਬਲੇ ਹਾਈ ਸਕੂਲ ਡਿਪਲੋਮੇ ਤੋਂ ਬਿਨਾਂ ਦੇ ਲੋਕਾਂ ਦੀ ਬੇਰੋਜ਼ਗਾਰੀ ਦੀ ਦਰ ਤਿੰਨ ਗੁਣਾ ਜ਼ਿਆਦਾ ਹੈ।
- 25-64 ਤਕ ਦੀ ਉਮਰ ਦੇ ਕੈਨੇਡਿਅਨਾਂ ਜਿਨ੍ਹਾਂ ਨੇ ਯੂਨਿਵਰਸਿਟੀ ਪ੍ਰੋਗਰਾਮ ਤੋਂ ਗਰੈਜੂਏਸ਼ਨ ਕੀਤੀ ਉਨ੍ਹਾਂ ਦੀ ਆਮਦਨ – ਹਾਈ ਸਕੂਲ ਗੈਰਜੂਏਟਾਂ ਤੋਂ ਔਸਤਨ 75% ਜ਼ਿਆਦਾ ਸੀ – ਕਈ ਸੂਬਿਆਂ ਵਿਚ 103% ਜ਼ਿਆਦਾ ਸੀ।

**ਸਰੋਤ:

(1-2) ਵਿਦਿਆਰਥੀਆਂ ਲਈ ਕਰਜ਼ਿਆਂ ਦਾ ਮਾਲੀ ਪ੍ਰਭਾਵ – ਸਟੈਟਿਸਟਿਕਸ ਕੈਨੇਡਾ ਜਨਵਰੀ 2010

(3) ਨਿਊਜ਼ ਰਿਲੀਜ਼ – ਕੈਨੇਡਿਅਨ ਕੌਂਸਲ ਆਨ ਲਰਨਿੰਗ ਸਤੰਬਰ 2010

(4-7) ਪੋਸਟ-ਸੈਕੰਡਰੀ ਐਜੂਕੇਸ਼ਨ ਇਨ ਕੈਨੇਡਾ: ਮੀਟਿੰਗ ਆਵਰ ਨੀਡਸ?
– ਕੈਨੇਡਿਅਨ ਕੌਂਸਲ ਆਨ ਲਰਨਿੰਗ (Canadian Council on Learning) 2008-2009

(8) ਐਜੂਕੇਸ਼ਨ ਇੰਡੀਕੇਟਰਸ ਇਨ ਕੈਨੇਡਾ: ਐਨ ਇੰਟਰਨੈਸ਼ਨਲ ਪਰਸਪੈਕਟਿਵ – ਕੌਂਸਲ ਆਫ਼ ਮਿਨਿਸਟਰਸ ਆਫ਼ ਐਜੂਕੇਸ਼ਨ, ਕੈਨੇਡਾ